ਸਭ ਹੱਕ ਰਾਖਵੇਂ ਹਨ।

G-994

ਡਾਕੂ ਫਜੇ ਖਾਂ

ਡਾਕੂ ਫਜੇ ਖਾਂ

-ਤੇ-

ਜਾਸੂਸ ਕਰਮ ਚੰਦ

LIBRARY

ਨਵੇਂ ਢੰਗ ਦਾ ਨਵਾਂ ਰੰਗ

ਲੇਖਕ ਤੇ ਪ੍ਰਕਾਸ਼ਕ:-

ਉਤਮ ਸਿੰਘ 'ਸਾਥੀ'

ਮੁੱਲ ।=)

ੴ ਵਾਹਿਗੁਰੂ ਜੀ ਫਤਹਿ ॥

ਕਾਂਡ ਪਹਿਲਾ

"ਹ ਹ ਹੈਂ...ਹੈਂ.. ਲੁਟ ਲਿਆ ! ਮਾਰ ਲਿਆ ! ਇਹ ਕਿਸ ਦੀ ਆਵਾਜ਼ ! ਯਾ ਪ੍ਰਮਾਤਮਾ ! ਰਹਿਮ ਕਰ। ਰੋਜ਼ ਰਾਤ ਨੂੰ ਦੋ ਤਿੰਨ ਵਜੇ ਅਜੇਹੀਆਂ ਭੈ ਭੀਤ ਕਰਨ ਵਾਲੀਆਂ ਆਵਾਜ਼ਾਂ ਸੁਤੇ ਪਏ ਜਗਾਂ ਦਿੰਦੀਆਂ ਹਨ। ਅੱਜ ਇਸ ਤਰਾਂ ਸੁਣਦੇ ੨ ਪੰਜ ਦਿਨ ਹੋ ਗਏ ਹਨ । ਤਾਕੀ ਖੋਲਕੇ ਦੇਖਦਾ ਹਾਂ, ਤਾਂ ਕੁਝ ਨਹੀਂ ਦੀਂਹਦਾ। ਸਵੇਰੇ ਉਠਕੇ ਰੋਜ ਅੱਧ ੨ ਮੀਲ ਤਕ ਚੰਗੀ ਤਰਾਂ ਵੇਂਹਦਾ ਹਾਂ, ਕੋਈ ਕਿਸੇ ਤਰਾਂ ਦੀ ਨਿਸ਼ਾਨੀ ਨਹੀਂ ਲਭਦੀ ਤੇ ਨਾਂ ਹੀ ਅਜੇ ਤੀਕ ਕੋਈ ਅਰਜ਼ ਫਰਿਯਾਦ ਦਰਬਾਰ ਵਿਚ ਸੁਨਾਣ ਲਈ ਰਿਆਯਾ ਵਲੋਂ ਆਵਾਜ਼ ਆਈ ਹੈ। ਮੈਂ ਚਾਹੁੰਦਾ ਸੀ ਕਿ ਕੋਈ ਫਰਿਯਾਦ ਆਵੇ ਤਾਂ ਤਫਤੀਸ਼ ਕਰਾਂ ਪਰ ਹੁਣ ਨਹੀਂ ਜ਼ਿਆਦਾ ਇੰਤਜ਼ਾਰ ਕਰ ਸਕਦਾ । ਕਲ ਸਵੇਰੇ ਦਰਬਾਰ ਦੇ ਪਿਛੋਂ ਇਸ ਦੀ ਤਫਤੀਸ਼ ਅਰੰਭ ਕਰ ਦਿਆਂਗਾ। ਪਰ ਕੀ ਦਰਵਾਜੇ ਉਪਰਲੇ

ਚਾਰੇ ਪਹਿਰੇ ਦਾਰ ਸੁਤੇ ਹੀ ਰਹਿੰਦੇ ਨੇ ? ਕੀ ਉਨ੍ਹਾਂ ਇਹ ਆਵਾਜ਼ ਕਦੇ ਨਹੀਂ ਸੁਣੀਂ ? ਸ਼ਾਇਦ ਨਾਂ ਸੁਣੀ ਹੋਵੇ। ਇਹ ਆਵਾਜ਼ ਮਹਿਲ ਦੇ ਪਿਛਲੇ ਪਾਸਿਓਂ ਆਉਂਦੀ ਹੈ ਤੇ ਦਰਵਾਜ਼ਾ ਦੂਰ ਰਹਿ ਜਾਂਦਾ ਹੈ। ਅਜੇਹੀ ਟਿਕਵੀਂ ਰਾਤ ਵਿਚ ਆਵਾਜ਼ ਦੂਰ ਤਕ ਜਾਇਆ ਕਰਦੀ ਹੈ। ਜੋ ਆਵਾਜ਼ ਮੈਨੂੰ ਸੁਤੇ ਪਏ ਨੂੰ ਜਗਾ ਦਿੰਦੀ ਹੈ, ਉਹ ਜਾਗ ਰਹੇ ਪਹਿਰੇਦਾਰਾਂ ਨੂੰ ਕਿਉਂ ਨਾਂ ਸੁਣਾਈ ਦੇਵੇ ? ਅੱਛਾ ਕਲ ਦੇਖਾਂਗਾ ਕਹਿੰਦਾ ਹੋਇਆ ਰਾਜਾ ਰਾਜ ਪਾਲ ਸਿੰਘ ਫੇਰ ਸੌਂ ਗਿਆ।" ਘੜੀਕੁ ਪਿਛੋਂ ਫੇਰ ਅੱਖ ਖੁਲੀ। ਆਵਾਜ਼ ਕੋਈ ਨਾਂ ਸੀ ਸੁਣਾਈ ਦਿੰਦੀ। ਉਹੀ ਪਿਛਲੇ ਖਿਆਲ ਨੇ ਬੇਦਾਰੀ ਕਰ ਦਿਤੀ। ਅਜੇਹੀ ਬੇਚੈਨੀ ਹੋਈ ਕਿ ਪਾਸੇ ਲੈਂਦਿਆਂ ਤਾਰੇ ਉਡੇ, ਪੁਹ ਫਟੀ, ਪੂਰਬ ਤੋਂ ਲਾਲੀ ਉਠੀ ਅਤੇ ਚਿੱਟਾ ਬਾਣਾ ਪਹਿਨ ਸਾਰੇ ਪਸਰ ਗਈ। ਰਾਣੀ ਲਾਜਵੰਤੀ ਨੇ ਅੱਖਾਂ ਖੋਲੀਆਂ ਤਾਂ ਆਪਣੇ ਪ੍ਰਾਣ ਪ੍ਰਿਯ ਰਾਜਾ ਸਾਹਿਬ ਜੀ ਨੂੰ ਅੱਜ ਆਪਣੇ ਤੋਂ ਪਹਿਲਾਂ ਹੀ ਜਾਗੇ ਦੇਖਿ, ਹੈਰਾਨ ਹੋਈ ਅਤੇ ਯੋਗ ਸਨਮਾਨ ਕਰਦੀ ਹੋਈ ਨੇ ਕਾਰਨ ਪੁਛਿਆ। ਰਾਜਾ ਰਾਜਪਾਲ ਸਿੰਘ-ਜਿਸ ਦੀਆਂ ਅੱਖਾਂ ਵਿਚੋਂ ਕੁਝ ਅਨੀਂਦ੍ ਕਰਕੇ ਅਤੇ ਕੁਝ ਗੁਸੇ ਦੇ ਕਾਰਨ ਲਹੂ ਸਿਮਿਆ ਜਾਪਦਾ ਸੀ-ਉਤ੍ ਵਿਚ ਬੋਲਿਆ "ਰਾਣੀ ! ਪਿਆਰੀ ਰਾਣੀ !! ਕਾਰਨ ਨਾ ਪੁਛ !

ਅਤੇ ਜਾਕੇ ਨਫਰਾਂ ਨੂੰ ਹੁਕਮ ਦੇਹ ਕਿ ਹੁਣੇ ਅਸ਼ਨਾਨ ਵਗੈਰਾ ਦਾ ਬੰਦੋਬਸਤ ਕਰਨ ਮੈਂ ਅੱਜ ਜਲਦੀ ਹੀ ਦਰਬਾਰ ਵਿਚ ਜਾਣਾ ਹੈ ਅਤੇ ਵਜ਼ੀਰ ਸਾਹਿਬ ਨੂੰ ਜਲਦੀ ਮੁਲਾਕਾਤ ਦਾ ਹੁਕਮ ਘਲੋ।" ਅੱਧੇ ਮਿੰਟ ਵਿਚ ਹੀ ਰਾਣੀ ਗਈ ਤੇ ਦੋਵੇਂ ਕੰਮਾਂ ਦਾ ਹੁਕਮ ਦੇ ਦਿਤਾ।

ਰਾਜਾ ਰਾਜ ਪਾਲ ਸਿੰਘ ਅਸ਼ਨਾਨ ਆਦਿਕ ਤੋਂ ਵੇਹਲੇ ਹੋ ਮੁਲਾਕਾਤ ਦੇ ਕਮਰੇ ਵਿਚ ਜਾ ਬੈਠੇ ਤੇ ਆਪਣੇ ਆਪ ਵਿਚ ਰਾਤ ਦੇ ਸਾਕੇ ਦੀ ਉਧੇੜ ਬੁਣ ਕਰੀ ਜਾ ਰਹੇ ਸਨ ਕਦੇ ਕਦਾਈਂ ਬਾਹਰ ਨੂੰ ਤੱਕਦੇ ਸਨ ਮਾਨੋਂ ਕਿਸੇ ਦੀ ਉਡੀਕ ਹੈ ਅਜੇ ਅੱਧਾ ਕੁ ਘੰਟਾ ਹੀ ਬੀਤਿਆ ਸੀ ਕਿ ਵਜ਼ੀਰ ਜੈ ਚੰਦ ਕਮਰੇ ਅੰਦਰ ਦਾਖਲ ਹੋਇਆ ਤੇ ਨਮਸਕਾਰ ਕਰਿ ਰਾਜੇ ਦਾ ਇਸ਼ਾਰਾ ਪਾਕੇ ਕੁਰਸੀ ਉਤੇ ਬੈਠ ਗਿਆ।

ਰਾਜਾ—ਵਜ਼ੀਰ ਸਾਹਿਬ ਜਲਦੀ ਹੀ ਆ ਗਏ ?

ਵਜ਼ੀਰ—ਹਾਂ ਮਹਾਂਰਾਜ ਜੀ ! ਮੈਂ ਪਹਿਲਾਂ ਹੀ ਤਿਆਰ ਹੋ ਘਰੋਂ ਚੱਲ ਪਿਆ ਸਾਂ। ਰਾਹ ਵਿਚ ਰੀਗਾ ਰਾਮ ਨੌਕਰ ਨੇ ਆਪ ਜੀ ਦਾ ਹੁਕਮ ਜਾ ਸੁਣਾਇਆ।

ਰਾਜਾ—ਅੱਜ ਜਲਦੀ ਆਵਨ ਦਾ ਕਾਰਨ ?

ਵਜ਼ੀਰ—ਮਹਾਰਾਜ ਜਿਸ ਆਸ਼ੇ ਸੇ ਮੈਂ ਆਪਦੀ ਸੇਵਾ ਵਿਚ ਪਹੁੰਚਣਾ ਸੀ, ਹੋ ਸਕਦਾ ਹੈ ਆਪ ਦਾ ਮੈਨੂੰ ਬੁਲਾਉਣਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.